# ਘਰੇਲੂ ਦੁਰਵਿਹਾਰ ਦਾ ਕੋਈ ਬਹਾਨਾ ਨਹੀਂ ਹੈ

Dundee
ਵਾਇਲੈਂਸ ਅਗੇਂਸਟ ਵੂਮੇਨ ਪਾਰਟਨਰਸ਼ਿਪ
ਘਰੇਲੂ ਦੁਰਵਿਹਾਰ ਅਤੇ ਸੈਕਸੁਅਲ ਹਿੰਸਾ ਨਾਲ ਨਜਿੱਠਣ ਲਈ ਇੱਕਠਿਆਂ ਕੰਮ ਕਰਨਾ

## ਘਰੇਲੂ ਦੁਰਵਿਹਾਰ ਕੀ ਹੈ?

ਪਾਰਟਨਰ ਜਾਂ ਸਾਬਕਾ ਪਾਰਟਨਰ ਵੱਲੋਂ ਔਰਤ ਨਾਲ ਸਰੀਰਕ, ਮਾਨਸਿਕ ਜਾਂ ਮਨੋਵਿਗਿਆਨਕ ਦੁਰਵਿਹਾਰ ਘਰੇਲੂ ਦੁਰਵਿਹਾਰ ਹੈ।

ਘਰੇਲੂ ਦੁਰਵਿਹਾਰ ਵਿੱਚ ਸ਼ਾਮਲ ਹੋ ਸਕਦਾ ਹੈ:

**ਸਰੀਰਕ ਦੁਰਵਿਹਾਰ:** ਕੁੱਟਣਾ, ਮੁੱਕੇ ਮਾਰਨਾ, ਲੱਤ ਮਾਰਨਾ, ਚੁਭਵੀਆਂ ਗੱਲਾਂ ਕਰਣੀਆਂ, ਚੀਜ਼ਾਂ ਸੁੱਟਣਾ ਜਾਂ ਤੋੜਨਾ, ਕਿਸੇ ਨੂੰ ਮਾਰਨ ਦੀਆਂ ਧਮਕੀਆਂ ਦੇਣਾ।

**ਸੈਕਸੁਅਲ (ਲਿੰਗਕ) ਦੁਰਵਿਹਾਰ:** ਕਿਸੇ ਨੂੰ ਉਹ ਸੈਕਸ਼ੁਅਲ ਚੀਜ਼ਾਂ ਕਰਨ ਲਈ ਕਹਿਣਾ ਜੋ ਉਹ ਕਰਨਾ ਨਹੀਂ ਚਾਹੁੰਦੇ, ਬਲਾਤਕਾਰ ਮਿਲਾ ਕੇ।

**ਭਾਵਨਾਤਮਕ ਦੁਰਵਿਹਾਰ:** ਹਮੇਸ਼ਾ ਕਿਸੇ ਵਿਅਕਤੀ ਨੂੰ ਨੀਵਾਂ ਵਿਖਾਉਣਾ, ਲਗਾਤਾਰ ਕਿਸੇ ਉਤੇ ਨਜ਼ਰ ਰੱਖਣਾ, ਕਿਸੇ ਨੂੰ ਕੰਮ ਉਤੇ ਜਾਂ ਕਾਲਜ ਜਾਣ ਤੋਂ ਰੋਕਣਾ, ਅਤੇ ਕਿਸੇ ਨੂੰ ਪਰਿਵਾਰ ਜਾਂ ਦੋਸਤਾਂ ਨਾਲ ਮਿਲਣ ਤੋਂ ਰੋਕਣਾ।

## ਬੱਚਿਆਂ ਅਤੇ ਨੌਜੁਆਨ ਲੋਕਾਂ ਬਾਰੇ ਚਿੰਤਾਵਾਂ ਨਾਲ ਅਸੀਂ ਕਿਵੇਂ ਨਿਬੜਦੇ ਹਾਂ?

ਘਰੇਲੂ ਦੁਰਵਿਹਾਰ ਦੀ ਘਟਨਾ ਦੇ ਬਾਅਦ ਜਦੋਂ ਪੁਲਿਸ ਘਰ ਆਉਂਦੀ ਹੈ, ਉਹ ਪੁਛਣਗੇ ਕਿ ਕੀ ਕੋਈ ਬੱਚੇ ਜਾਂ ਨੌਜੁਆਨ ਲੋਕ ਪਰਿਵਾਰ ਦਾ ਹਿੱਸਾ ਹਨ। ਲੋਕ ਅਕਸਰ ਚਿੰਤਾ ਕਰਦੇ ਹਨ ਕਿ ਅੱਗੇ ਕੀ ਹੋਵੇਗਾ।

## ਹੁਣ ਕੀ ਹੋਵੇਗਾ?

ਜਦੋਂ ਪੁਲਿਸ ਅਫਸਰ ਪੁਲਿਸ ਸਟੇਸ਼ਨ ਵਾਪਸ ਆਉਂਦਾ ਹੈ ਤਾਂ ਉਹ ਇੱਕ ਫਾਰਮ ਭਰਦੇ ਹਨ। ਜਦੋਂ ਵੀ ਕੋਈ ਘਰੇਲੂ ਦੁਰਵਿਹਾਰ ਦੀ ਘਟਨਾ ਹੁੰਦੀ ਹੈ ਜਿਥੇ ਕੋਈ ਬੱਚਾ ਜਾਂ ਨੌਜੁਆਨ ਵਿਅਕਤੀ ਮੌਜੂਦ ਹੁੰਦਾ ਹੈ ਜਾਂ ਆਮ ਤੌਰ ਉਤੇ ਉਸ ਪਤੇ ਉਤੇ ਰਹਿੰਦਾ ਹੈ ਤਾਂ ਇਹ ਫਾਰਮ ਭਰਿਆ ਜਾਂਦਾ ਹੈ।

ਫ਼ਾਰਮ ਨੂੰ ਫ਼ਿਰ ਇੱਕ ਪੁਲਸ ਅਫ਼ਸਰ ਨੂੰ ਭੇਜਿਆ ਜਾਂਦਾ ਹੈ ਜਿਸ ਦਾ ਕੰਮ ਇਹ ਨਿਸ਼ਚਿਤ ਕਰਨਾ ਹੁੰਦਾ ਹੈ ਜੇਕਰ ਜਾਂ ਨਹੀਂ ਕੋਈ ਅਜਿਹਾ ਕਦਮ ਚੱਕਣ ਦੀ ਲੋੜ ਹੈ ਜਿਸ ਨਾਲ ਬੱਚੇ ਜਾਂ ਜਵਾਨ ਲੋਕਾਂ ਨੂੰ ਸੁਰੱਖਿਅਤ ਰੱਖਿਆ ਜਾਵੇ । ਜੇ ਪੁਲਸ ਅਫ਼ਸਰ ਸੋਚਦੇ ਹਨ ਕਿ ਕਿ ਕੁੱਝ ਕੀਤੇ ਜਾਣ ਦੀ ਲੋੜ ਹੈ ਤਾਂ ਉਹ ਫ਼ਾਰਮ ਨੂੰ ਇੱਕ ਮਾਹਿਰਾਂ ਦੇ ਗਰੁੱਪ ਨੂੰ ਭੇਜ ਦੇਣਗੇ, (ਪੁਲਸ, ਸਿਹਤ, ਸੋਸ਼ਲ ਵਰਕ ਅਤੇ ਸਿੱਖਿਆ) ਜੋ ਨਿਯਮਿਤ ਤੌਰ ਤੇ ਮਿਲਦੇ ਹਨ ।





**Dundee ਵਾਇਲੈਂਸ ਅਗੇਂਸਟ ਵੂਮੇਨ ਪਾਰਟਨਰਸ਼ਿਪ**

ਘਰੇਲੂ ਦੁਰਵਿਹਾਰ ਅਤੇ ਸੈਕਸੁਅਲ ਹਿੰਸਾ ਨਾਲ ਨਜਿੱਠਣ ਲਈ ਇੱਕਠਿਆਂ ਕੰਮ ਕਰਨਾ

ਇਸ ਗਰੁੱਪ ਦਾ ਉਦੇਸ਼ ਹੈ ਕਿ ਇਸ ਗੱਲ ਨੂੰ ਯਕੀਨੀ ਬਨਾਉਣਾ ਕਿ ਡੰਡੀ ਵਿੱਚ ਬੱਚੇ ਅਤੇ ਜਵਾਨ ਲੋਕ ਸੁਰੱਖਿਅਤ ਹਨ । ਇਹ ਗਰੁੱਪ ਇਹ ਵੀ ਵਿਚਾਰ ਕਰਦਾ ਹੈ ਕਿ ਜੇਕਰ ਬੱਚਿਆਂ, ਜਵਾਨ ਲੋਕਾਂ ਅਤੇ ਮਾਤਾ–ਪਿਤਾ/ਸੰਭਾਲਾਕਾਰਾਂ ਵਾਸਤੇ ਕੋਈ ਹੋਰ ਮਦਦ ਉੱਪਲਬਧ ਹੈ ।

ਮਲਟੀ ਏਜੰਸੀ ਗਰੁੱਪ ਕਿਸੇ ਵੀ ਚਿੰਤਾ ਬਾਰੇ ਚਰਚਾ ਕਰੇਗਾ ਜੋ ਕਿ ਕਿਸੇ ਵੀ ਬੱਚੇ/ਬੱਚਿਆਂ ਬਾਰੇ ਹੈ ਅਤੇ ਫੈਸਲਾ ਕਰੇਗਾ ਕਿ ਅੱਗੇ ਕੀ ਹੋਵੇਗਾ। ਕੁਝ ਕਾਰਜ ਇਹ ਹੋ ਸਕਦੇ ਹਨ:

- ***ਕੋਈ ਅਗਲੇਰੀ ਕਾਰਵਾਈ ਨਹੀਂ:*** ਇਸਦਾ ਮਤਲਬ ਇਹ ਹੈ ਕਿ ਇਸ ਸਮੇਂ ਹੋਰ ਕੁਝ ਨਹੀਂ ਹੋਵੇਗਾ ਅਤੇ ਇਸ ਬਾਰੇ ਅੱਗੇ ਕੁਝ ਨਹੀਂ ਹੋਵੇਗਾ।
- ***ਚਿੰਤਾ ਬਾਰੇ ਪਹਿਲੋਂ ਹੀ ਕੀਤੇ ਜਾਣ ਵਾਲੇ ਕੰਮ ਨੂੰ ਜਾਰੀ ਰੱਖਿਆ ਗਿਆ ਸੀ ਅਤੇ ਕਾਰਵਾਈ ਕੀਤੀ ਗਈ ਸੀ:*** ਇਸ ਦਾ ਮਤਲਬ ਕਿ ਏਜੰਸੀ ਜਾਂ ਸੇਵਾ ਬੱਚੇ ਤੋਂ ਜਾਣੂ ਹੁੰਦੇ ਹਨ ਅਤੇ ਉਹ ਮੁੱਦੇ ਨਾਲ ਨਿਬੜ ਰਹੇ ਹਨ। ਇਸ ਵਿੱਚ ਸ਼ਾਮਿਲ ਹੋ ਸਕਦਾ ਹੈ ਵਰਕਰ ਵੱਲੋਂ ਫੇਰੀ ਅਤੇ ਫਿਰ ਕੋਈ ਹੋਰ ਕਾਰਵਾਈ ਨਹੀਂ।
- ***ਕਿਸੇ ਇਕੱ ਏਜੰਸੀ ਨੂੰ ਸਿੱਧਾ ਰੈਫਰਲ (ਜਿਵੇਂ ਹੈਲੱਥ, ਸੋਸ਼ਲ ਵਰਕ):*** ਇਹ ਤਾਂ ਹੋਵੇਗਾ ਜਦੋਂ ਕੋਈ ਇੱਕ ਏਜੰਸੀ ਸ਼ਾਮਿਲ ਹੋਵੇਗੀ ਅਤੇ ਕਿਸੇ ਹੋਰ ਸੇਵਾਵਾਂ ਦੀ ਲੋੜ ਨਹੀਂ ਹੈ।
- ***ਮਲਟੀ ਏਜੰਸੀ ਜਵਾਬ*** – ਇਸ ਦਾ ਅਰਥ ਹੈ ਜਦੋਂ ਇੱਕ ਨਾਲੋਂ ਵਧੇਰੇ ਏਜੰਸੀਆਂ ਬੱਚੇ ਜਾਂ ਬੱਚਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਸ਼ਾਮਲ ਹੁੱਦੀਆਂ ਹਨ । ਇਸ ਵਿੱਚ ਜੌਇੰਟ ਐਕਸ਼ਨ ਟੀਮ ਨੂੰ ਅਗ੍ਹਾਂਹ ਵਾਸਤੇ ਹਵਾਲਾ ਦੇਣਾ ਸ਼ਾਮਲ ਹੋ ਸਕਦਾ ਹੈ ਜਾਂ ਜਿੱਥੇ ਕਿਤੇ ਕਿਸੇ ਬੱਚੇ ਦੀ ਸੁਰੱਖਿਆ ਵਾਸਤੇ ਗੰਭੀਰ ਚਿੰਤਾਵਾਂ ਹੋਣ ।
- ***ਬੱਚਿਆਂ ਦੇ ਰਿਪੋਰਟਰ ਨੂੰ ਰੈਫਰਲ:*** ਇਹ ਤਾਂ ਹੋਵੇਗਾ ਜਦੋਂ ਗਰੁੱਪ ਇਹ ਵਿਸ਼ਵਾਸ ਕਰਦਾ ਹੈ ਕਿ ਬੱਚੇ ਦੀਆਂ ਮਹੱਤਵਪੂਰਨ ਲੋੜਾਂ ਹਨ ਜੋ ਕਿ ਪੂਰੀਆਂ ਨਹੀਂ ਹੋ ਰਹੀਆਂ ਜਾਂ ਉਹ ਕਿਸੇ ਖਾਸ ਖਤਰੇ ਵਿੱਚ ਹੋ ਸਕਦਾ ਹੈ ਅਤੇ ਜਿਥੇ ਨਿਗਰਾਨੀ ਦੇ ਜ਼ਰੂਰੀ ਮਾਪਦੰਡਾਂ ਦੀ ਲੋੜ ਪੈ ਸਕਦੀ ਹੈ।

ਜੇਕਰ ਤੁਹਾਡੇ ਬੱਚੇ/ਬੱਚਿਆਂ ਦੇ ਬਾਰੇ ਮਲਟੀ ਏਜੰਸੀ ਗਰੁੱਪ ਦੁਆਰਾ ਗੱਲਬਾਤ ਕੀਤੀ ਗਈ ਹੈ ਤਾਂ ਤੁਹਾਨੂੰ ਇਸ ਬਾਰੇ ਦੱਸੇ ਜਾਣ ਵਾਸਤੇ ਇੱਕ ਪੱਤਰ ਪ੍ਰਾਪਤ ਹੋਵੇਗਾ ਅਤੇ ਇਸ ਵਿੱਚ ਤੁਹਾਨੂੰ ਉਨ੍ਹਾਂ ਬਾਰੇ ਬਣਾਏ ਜਾਣ ਵਾਲੇ ਫ਼ੈਸਲਿਆਂ ਬਾਰੇ ਵੀ ਦੱਸਿਆ ਜਾਵੇਗਾ ।

ਗਰੁੱਪ ਇਹ ਨਿਸ਼ਚਿਤ ਕਰਨਾ ਚਾਹੇਗਾ ਕਿ ਡੰਡੀ ਵਿੱਚ ਬੱਚੇ ਅਤੇ ਨੌਜੁਆਨ ਲੋਕ ਸੁਰੱਖਿਅਤ ਹਨ ਅਤੇ ਉਨ੍ਹਾਂ ਪਰਿਵਾਰਾਂ ਨੂੰ ਸਹਿਯੋਗ ਕਰੇਗਾ, ਉਨ੍ਹਾਂ ਦੀ ਘਰੇਲੂ ਦੁਰਵਿਹਾਰ ਵਰਗੇ ਮੁੱਦਿਆਂ ਨਾਲ ਨਜਿੱਠਣ ਵਿੱਚ ਮਦਦ ਕਰਨ ਲਈ।

ਜੇ ਪਰਿਵਾਰਾਂ ਦਾ ਪਹਿਲੇ ਹੀ ਸਪੋਰਟ ਵਰਕਰ ਨਾਲ ਸੰਪਰਕ ਹੈ, ਤਾਂ ਉਨ੍ਹਾਂ ਨੂੰ ਚਿੰਤਾ ਬਾਰੇ ਦੱਸ ਦਿੱਤਾ ਜਾਵੇਗਾ ਤਾਂ ਕਿ ਉਨ੍ਹਾਂ ਨੂੰ ਪਤਾ ਹੋਵੇ ਕਿ ਕੀ ਹੋ ਰਿਹਾ ਹੈ।

## ਹਮੇਸ਼ਾ ਯਾਦ ਰਖੋ

ਜੋ ਕੁਝ ਹੋ ਰਿਹਾ ਹੈ, ਉਸ ਬਾਰੇ ਔਰਤਾਂ ਅਤੇ ਬੱਚਿਆਂ ਉਤੇ ਦੋਸ਼ ਨਹੀਂ ਲਗਾਇਆ ਜਾ ਸਕਦਾ। ਇਹ ਉਨ੍ਹਾਂ ਦੀ ਗਲਤੀ ਨਹੀਂ ਹੈ। ਉਹ ਲੋਕ ਹਨ ਜੋ ਮਦਦ ਕਰ ਸਕਦੇ ਹਨ।

ਜੇ ਤੁਹਾਡੇ ਕੋਈ ਪ੍ਰਸ਼ਨ ਹਨ ਜਾਂ ਹੋਰ ਜਾਣਕਾਰੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸੰਪਰਕ ਕਰੋ:

**ਟੇਅਸਾਈਡ ਪੁਲਿਸ**

ਸੈਂਟਰਲ ਡਿਵੀਜ਼ਨ ਡੋਮੈਸਟਿਕ
ਐਬਿਊਜ਼ ਅਫਸਰ: ***01382 591912***

Design and illustration by Dundee City Council PR JG/03/09